# ਜਾਣਕਾਰੀ ਅਧਾਰਿਤ ਸਹਿਮਤੀ ਸਬੰਧੀ ਮਦਦ ਲਈ

ਕੋਵਿਡ-19
ਟੀਕਾਕਰਨ ਸਬੰਧੀ
ਕਾਰਵਾਈ

## ਟੀਕਾਕਰਨ ਖ਼ਾਸ ਵਾਇਰਸਾਂ ਅਤੇ ਬੈਕਟੀਰੀਆ ਵਿਰੁੱਧ ਤੁਹਾਡੇ ਸਰੀਰ ਦੀ ਬਚਾਅ ਪ੍ਰਣਾਲੀ ਨੂੰ ਤਿਆਰ ਕਰਦਾ ਹੈ।

## ਟੀਕਾਕਰਨ ਤੁਹਾਡੇ ਇਮਿਊਨ ਸਿਸਟਮ ਨੂੰ ਉਸ ਵਾਇਰਸ ਨਾਲ ਲੜਨ ਵਿੱਚ ਮਦਦ ਕਰੇਗਾ ਜਿਸ ਨਾਲ ਕੋਵਿਡ-19 ਹੁੰਦਾ ਹੈ।

## ਮੈਨੂੰ ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ?

> ਇਹ ਕੋਵਿਡ-19 ਤੋਂ ਅਤੇ ਤੁਹਾਨੂੰ ਬਿਮਾਰ ਹੋਣ ਤੋਂ ਬਚਾਉਂਦਾ ਹੈ

> ਭਾਵੇਂ ਬਹੁਤੇ ਲੋਕ ਬਿਨਾ ਇਲਾਜ ਤੋਂ ਠੀਕ ਹੋ ਗਏ ਹਨ, ਪਰ ਕੋਵਿਡ-19 ਕਾਰਨ ਕੁੱਝ ਲੋਕਾਂ ਦੀ ਜਾਨ ਜਾ ਸਕਦੀ ਹੈ ਜਾਂ ਉਹ ਦਿਲ ਜਾਂ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਪੀੜਿਤ ਹੋ ਸਕਦੇ ਹਨ ਜਿਵੇਂ ਕਿ ਨਮੂਨੀਆ। ਦਿਮਾਗ਼ੀ ਤੰਤਰ ਉੱਤੇ ਵੀ ਇਸ ਦਾ ਅਸਰ ਹੋ ਸਕਦਾ ਹੈ।

## ਟੀਕਾਕਰਨ ਤੋਂ ਬਾਅਦ ਪੈਦਾ ਹੋਣ ਵਾਲੇ ਆਮ ਲੱਛਣ ਕਿਹੜੇ ਹਨ?



ਟੀਕਾ ਲੱਗਣ ਵਾਲੀ ਥਾਂ ਉੱਤੇ ਦਰਦ ਹੋਣਾ



ਥਕਾਵਟ, ਸਿਰ ਦਰਦ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ ਅਤੇ ਬੁਖ਼ਾਰ

ਇਹ ਹਲਕੇ ਤੋਂ ਦਰਮਿਆਨੇ ਪੱਧਰ ਦੇ ਲੱਛਣ ਹਨ ਜੋ ਆਮ ਤੌਰ 'ਤੇ ਇੱਕ ਜਾਂ ਦੋ ਦਿਨ ਤੱਕ ਰਹਿੰਦੇ ਹਨ। ਇਨ੍ਹਾਂ ਦੇ ਇਲਾਜ ਲਈ ਤੁਸੀਂ ਬੁਖ਼ਾਰ ਜਾਂ ਦਰਦ ਦੀ ਦਵਾਈ ਲੈ ਸਕਦੇ ਹੋ, ਜਿਵੇਂ ਕਿ ਅਸੀਟਾਮਿਨੋਫ਼ਿਨ ਜਾਂ ਆਈਬੂਪ੍ਰੋਫਿਨ।

## ਕੀ ਕੋਈ ਹੋਰ ਟਾਂਵੇਂ ਲੱਛਣ ਵੀ ਪੈਦਾ ਹੋ ਸਕਦੇ ਹਨ?

ਕਈ ਵਾਰ ਕੋਈ ਐਲਰਜੀ ਹੋ ਸਕਦੀ ਹੈ ਅਤੇ ਜੇ ਇਹ ਹੋ ਜਾਂਦੀ ਹੈ ਤਾਂ ਟੀਕਾ ਲਵਾਉਣ ਵਾਲੇ ਵਿਅਕਤੀ ਨੂੰ ਨਿਗਰਾਨੀ ਹੇਠ ਰੱਖਦਿਆਂ ਉਸ ਦਾ ਤੁਰੰਤ ਇਲਾਜ ਕਰਨ ਨਾਲ ਆਮ ਤੌਰ 'ਤੇ ਇਹ ਟੀਕਾਕਰਨ ਤੋਂ ਕੁਝ ਹੀ ਮਿੰਟਾਂ ਬਾਅਦ ਖ਼ਤਮ ਹੋ ਜਾਂਦੀ ਹੈ।

ਆਉਣ ਵਾਲੇ ਕੁਝ ਮਹੀਨਿਆਂ ਵਿੱਚ, ਜਦੋਂ ਤੱਕ ਬਹੁਗਿਣਤੀ ਲੋਕਾਂ ਨੂੰ ਟੀਕਾ ਨਹੀਂ ਲੱਗਦਾ, ਉਦੋਂ ਤੱਕ ਕੋਵਿਡ-19 ਰਹੇਗਾ।

**ਆਪਣਾ ਬਚਾਅ ਕਰਨਾ ਜਾਰੀ ਰੱਖੀਏ!**




ਦੂਰੀ ਬਣਾ ਕੇ ਰੱਖੋ



ਆਪਣਾ ਮੂੰਹ ਢੱਕ ਕੇ ਰੱਖੋ



ਆਪਣੀ ਬਾਂਹ ਵਿੱਚ ਖੰਘੋ



ਆਪਣੇ ਹੱਥ ਧੋਂਦੇ ਰਹੋ

Québec.ca/vaccinCOVID

1 877 644-4545

20-279-23WFA

Votre gouvernement

Québec